ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ
ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ,ਬਲਾਕ ਈ,ਛੇਵੀਂ ਮੰਜਿਲ, ਫੇਜ਼-8, ਮੋਹਾਲੀ.
ਈ-ਮੇਲ: directorscert@punjabeducation.gov.in,ਫੋਨ ਨੰਬਰ:0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.)
ਸਮੂਹ ਡਾਈਟ ਪ੍ਰਿੰਸੀਪਲ
ਪੰਜਾਬ।

ਮੀਮੋ ਨੰ. e - 447228 /SCERT/English/2025/37839

ਮਿਤੀ: ਐੱਸ.ਏ.ਐੱਸ.ਨਗਰ,08.02.2025

**ਵਿਸ਼ਾ: US based Fulbright Teaching Excellence and Achievement(FTEA) Program and the Fulbright Distinguished Awards in Teaching Program for International Teachers 2025-26 ਸੰਬੰਧੀ।**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 The United States-India Educational Foundation (USIEF) ਅਧੀਨ US based ਦੇ ਵੱਖ-ਵੱਖ ਪ੍ਰੋਗਰਾਮਾਂ ਵਿੱਚ ਭਾਗ ਲੈਣ ਲਈ ਰੈਗੂਲਰ ਅਧਿਆਪਕਾਂ ਤੋਂ ਅਰਜ਼ੀਆਂ ਮੰਗੀਆਂ ਗਈਆਂ ਹਨ।ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

***Fulbright Teaching Excellence and Achievement(FTEA) Program***

- ਇਹ 6 ਹਫਤਿਆਂ ਦਾ ਇੰਟਰਨੈਸ਼ਨਲ ਪ੍ਰੋਗਰਾਮ, ਛੇਵੀਂ ਤੋਂ ਬਾਰਵੀਂ ਤੱਕ ਅੰਗਰੇਜ਼ੀ, ਸਮਾਜਿਕ ਵਿਗਿਆਨ, ਗਣਿਤ, ਵਿਗਿਆਨ ਅਤੇ ਸਪੈਸ਼ਲ ਐਜੂਕੇਸ਼ਨ ਪੜ੍ਹਾਉਣ ਵਾਲੇ ਰੈਗੂਲਰ ਅਧਿਆਪਕਾਂ ਲਈ ਹੈ। ਜੋ ਕਿ ਜਨਵਰੀ 2026 ਜਾਂ ਸਤੰਬਰ 2026 ਵਿੱਚ ਕਰਵਾਇਆ ਜਾਵੇਗਾ। ਇਸ ਪ੍ਰੋਗਰਾਮ ਦਾ ਸਾਰਾ ਖਰਚਾ Fulbright Fellowship ਵੱਲੋਂ ਕੀਤਾ ਜਾਵੇਗਾ।
- ਉਮੀਦਵਾਰਾਂ ਲਈ ਅਰਜ਼ੀਆਂ ਭਰਨ ਦੀ ਆਖਰੀ ਮਿਤੀ 07.03.2025 ਹੈ। ਉਕਤ ਪ੍ਰੋਗਰਾਮ ਦੀ ਯੋਗਤਾ, ਚੋਣ ਪ੍ਰਕਿਰਿਆ, ਮਾਪਦੰਡ ਆਦਿ ਸੰਬੰਧੀ ਜਾਣਕਾਰੀ USIEF ਦੀ ਵੈਬਸਾਈਟ https://www.usief.org.in/Fellowships/FIC-Teaching-Excellence-and-Achievement-Program.aspx ਤੇ ਉਪਲਬਧ ਹੈ।

***The Fulbright Distinguished Awards in Teaching Program for International Teachers 2025-26***

- ਇਹ 5 ਮਹੀਨਿਆਂ ਦਾ ਇੰਟਰਨੈਸ਼ਨਲ ਪ੍ਰੋਗਰਾਮ, ਕਿਸੇ ਵੀ ਜਮਾਤ ਨੂੰ ਕੋਈ ਵੀ ਵਿਸ਼ਾ ਪੜ੍ਹਾ ਰਹੇ ਰੈਗੂਲਰ ਅਧਿਆਪਕਾਂ ਲਈ ਹੈ, ਜੋ ਕਿ ਅਗਸਤ 2026 ਤੋਂ ਦਸੰਬਰ 2026 ਤੱਕ ਕਰਵਾਇਆ ਜਾਵੇਗਾ। ਇਸ ਪ੍ਰੋਗਰਾਮ ਦਾ ਸਾਰਾ ਖਰਚਾ Fulbright Fellowship ਵੱਲੋਂ ਕੀਤਾ ਜਾਵੇਗਾ।

- ਉਮੀਦਵਾਰਾਂ ਲਈ ਅਰਜ਼ੀਆਂ ਭਰਨ ਦੀ ਆਖਰੀ ਮਿਤੀ 26.03.2025 ਹੈ। ਉਕਤ ਪ੍ਰੋਗਰਾਮ ਦੀ ਯੋਗਤਾ, ਚੋਣ ਪ੍ਰਕਿਰਿਆ, ਮਾਪਦੰਡ ਆਦਿ ਸੰਬੰਧੀ ਜਾਣਕਾਰੀ USIEF ਦੀ ਵੈਬਸਾਈਟ https://www.usief.org.in/Fellowships/Distinguished-Fulbright-Awards-Teaching-Program.aspx ਤੇ ਉਪਲਬਧ ਹੈ।
- ਚੁਣੇ ਗਏ ਯੋਗ ਉਮੀਦਵਾਰ ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਘੱਟੋ ਘੱਟ ਪੰਜ ਸਾਲਾਂ ਲਈ ਐਲੀਮੈਂਟਰੀ ਜਾਂ ਸੈਕੰਡਰੀ ਸਿੱਖਿਆ ਵਿੱਚ ਕੰਮ ਕਰਨਾ ਜਾਰੀ ਰੱਖਣਗੇ।

3.0 ਇਹਨਾਂ ਪ੍ਰੋਗਰਾਮਾਂ ਤਹਿਤ ਚੁਣੇ ਗਏ ਯੋਗ ਅਧਿਆਪਕ ਸਿਖਲਾਈ ਪ੍ਰਾਪਤ ਕਰਨ ਉਪਰੰਤ ਪੰਜਾਬ ਰਾਜ ਦੇ ਹੋਰ ਅਧਿਆਪਕਾਂ ਨੂੰ ਟ੍ਰੇਨਿੰਗ ਦੇਣਗੇ। ਕੋਰਸ ਮੁਕੰਮਲ ਕਰਨ ਉਪਰੰਤ ਅਧਿਆਪਕਾਂ ਨੂੰ ਸਕੂਲ ਸਿੱਖਿਆ ਵਿਭਾਗ ਵਿੱਚ ਤੁਰੰਤ ਆਪਣੀ ਹਾਜ਼ਰੀ ਯਕੀਨੀ ਬਣਾਉਣੀ ਹੋਵੇਗੀ। ਹਾਜਰੀ ਨਾ ਦੇਣ ਦੀ ਸੂਰਤ ਵਿੱਚ ਕਰਮਚਾਰੀ ਵਿਰੁੱਧ ਵਿਭਾਗੀ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਪ੍ਰੋਗਰਾਮ ਲਈ ਵਿਦੇਸ਼ ਜਾ ਰਹੇ ਅਧਿਆਪਕਾਂ ਦਾ ਜੇਕਰ ਕੋਈ ਜਾਨੀ ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਜਿੰਮੇਵਾਰੀ ਵਿਭਾਗ ਦੀ ਨਹੀਂ ਹੋਵੇਗੀ।

4.0 ਉਕਤ ਦੋਵਾਂ ਪ੍ਰੋਗਰਾਮਾਂ ਲਈ ਚਾਹਵਾਨ ਅਤੇ ਯੋਗ ਅਧਿਆਪਕ ਆਪਣੀਆਂ ਅਰਜ਼ੀਆਂ ਆਪਣੇ ਪੱਧਰ ਤੇ USIEF ਦੀ ਵੈੱਬਸਾਈਟ ਤੇ ਭੇਜਣਗੇ ਅਤੇ ਉਸ ਦੀ ਜਾਣਕਾਰੀ ਮੁੱਖ ਦਫਤਰ ਦੀ ਈਮੇਲ scertenglish@punjabeducation.gov.in ਤੇ ਵੀ ਭੇਜਣਗੇ।

5.0 ਜੇਕਰ ਅਪਲਾਈ ਕਰਨ ਦੌਰਾਨ ਕਿਸੇ ਕਿਸਮ ਦੀ ਮੁਸ਼ਕਲ ਆਉਂਦੀ ਹੈ ਤਾਂ ਉਸ ਸੰਬੰਧੀ query ਆਪਣੇ ਨਾਮ,ਸੰਸਥਾ ਦੇ ਨਾਮ,ਅਹੁਦਾ,ਜ਼ਿਲ੍ਹਾ ਅਤੇ ਫੋਨ ਨੰ. ਸਮੇਤ ਉਕਤ ਈਮੇਲ ਤੇ ਭੇਜੀ ਜਾ ਸਕਦੀ ਹੈ।

ਅਮਨਿੰਦਰ ਕੌਰ, ਪੀ.ਸੀ.ਐਸ.
ਡਾਇਰੈਕਟਰ
ਐਸ.ਸੀ.ਈ.ਆਰ.ਟੀ., ਪੰਜਾਬ

ਮਿਤੀ: 08.02.2025

ਪਿੱਠ ਅੰਕਣ ਨੰਬਰ: ਉਕਤ
ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਸਮੂਹ ਸਕੂਲ ਮੁੱਖੀ (ਪ੍ਰਾਇਮਰੀ,ਮਿਡਲ,ਹਾਈ ਅਤੇ ਸੀ.ਸੈਕੰ.)
2. ਸਮੂਹ ਸਕੂਲ ਅਧਿਆਪਕ (ਪ੍ਰਾਇਮਰੀ,ਮਿਡਲ,ਹਾਈ ਅਤੇ ਸੀ.ਸੈਕੰ.)ਪੰਜਾਬ।

ਅਮਨਿੰਦਰ ਕੌਰ, ਪੀ.ਸੀ.ਐਸ.
ਡਾਇਰੈਕਟਰ
ਐਸ.ਸੀ.ਈ.ਆਰ.ਟੀ., ਪੰਜਾਬ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ
ਪਿੱਠ ਅੰਕਣ ਨੰ ਪ-6/2025/4139 ਮਿਤੀ 10/2/2025
ਉਪਰੋਕਤ ਪੱਤਰ ਦੀ ਕਾਪੀ ਇਸ ਜ਼ਿਲ੍ਹੇ ਦੇ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀਆਂ ਹਦਾਇਤਾਂ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।
ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ
10/02/2025